ਤੁਹਾਡੀ ਭਾਸ਼ਾ ਵਿੱਚ ਜਾਣਕਾਰੀ।

Information in your language | Punjabi

ਅਸੀਂ ਕੌਣ ਹਾਂ

GenWest ਇੱਕ ਪਰਿਵਾਰਕ ਹਿੰਸਾ ਸਹਾਇਤਾ ਸੇਵਾ ਹੈ। ਅਸੀਂ ਸਮਾਜਿਕ ਅਤੇ ਸਿਹਤ ਸੰਬੰਧੀ ਸਿੱਖਿਆ ਪ੍ਰੋਗਰਾਮ ਚਲਾ ਕੇ, ਸੁਰੱਖਿਅਤ ਅਤੇ ਸਿਹਤਮੰਦ ਜੀਵਨ ਜਿਊਣ ਲਈ ਭਾਈਚਾਰਿਆਂ ਦੀ ਸਹਾਇਤਾ ਕਰਦੇ ਹਾਂ। ਅਸੀਂ ਮੈਲਬੌਰਨ ਦੇ ਪੱਛਮੀ ਇਲਾਕੇ ਵਿੱਚ ਸਥਿਤ ਲੋਕਾਂ ਦੀ ਸਹਾਇਤਾ ਕਰਦੇ ਹਾਂ। ਅਸੀਂ ਇੱਕਬਰਾਬਰਤਾ ਅਧਿਕਾਰਾਂ ਅਤੇ ਪਰਿਵਾਰਕ ਹਿੰਸਾ ਦੀ ਰੋਕਥਾਮ ਲਈ ਪੱਖ-ਸਮਰਥਨ ਕਰਨ ਲਈ ਹੋਰ ਸੰਸਥਾਵਾਂ ਅਤੇ ਕੌਂਸਲਾਂ ਨਾਲ ਮਿਲਕੇ ਵੀ ਕੰਮ ਕਰਦੇ ਹਾਂ।

ਸੇਵਾਵਾਂ ਜੋ ਅਸੀਂ ਪ੍ਰਦਾਨ ਕਰਦੇ ਹਾਂ

ਪਰਿਵਾਰਕ ਹਿੰਸਾ ਸੰਬੰਧੀ ਸਹਾਇਤਾ

ਜੇਕਰ ਤੁਸੀਂ ਪਰਿਵਾਰਕ ਹਿੰਸਾ ਦਾ ਅਨੁਭਵ ਕਰ ਰਹੇ ਹੋ, ਤਾਂ ਅਸੀਂ ਸੁਰੱਖਿਅਤ ਰਹਿਣ ਅਤੇ ਜੋ ਹੋਇਆ ਹੈ ਉਸ ਤੋਂ ਉਭਰਨ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਾਂ। ਅਸੀਂ ਤੁਹਾਡੇ ਬੱਚਿਆਂ ਦੀ ਵੀ ਮੱਦਦ ਕਰ ਸਕਦੇ ਹਾਂ।

ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਪਰਿਵਾਰਕ ਹਿੰਸਾ ਤੋਂ ਮੁਕਤ, ਮਹਿਫ਼ੂਜ਼ ਅਤੇ ਸੁਰੱਖਿਅਤ ਜੀਵਨ ਜਿਊਣ ਦਾ ਅਧਿਕਾਰ ਹੈ।

ਸਿਹਤ ਅਤੇ ਭਲਾਈ ਪ੍ਰੋਗਰਾਮ

ਅਸੀਂ ਅਜਿਹੇ ਪ੍ਰੋਜੈਕਟ ਅਤੇ ਪ੍ਰੋਗਰਾਮ ਪ੍ਰਦਾਨ ਕਰਦੇ ਹਾਂ ਜੋ ਸਿਹਤ ਅਤੇ ਭਲਾਈ ਦੇ ਸੰਬੰਧ ਵਿੱਚ ਸੁਧਾਰ ਕਰਦੇ ਹਨ ਅਤੇ ਭਾਈਚਾਰਿਆਂ ਵਿੱਚ ਲਿੰਗ ਬਰਾਬਰੀ ਨੂੰ ਉਤਸ਼ਾਹਿਤ ਕਰਦੇ ਹਨ।

ਲਿੰਗ ਬਰਾਬਰਤਾ ਉਦੋਂ ਹੁੰਦੀ ਹੈ ਜਦੋਂ ਚੀਜ਼ਾਂ ਸਾਰੇ ਤਰ੍ਹਾਂ ਦੀਆਂ ਲਿੰਗ-ਪਹਿਚਾਣਾਂ ਪ੍ਰਤੀ ਨਿਰਪੱਖ ਹੁੰਦੀਆਂ ਹਨ। ਲਿੰਗ ਦਾ ਅਰਥ ਹੈ ਔਰਤਾਂ ਅਤੇ ਲੜਕੀਆਂ, ਲਿੰਗ ਵਿਭਿੰਨ ਲੋਕ, ਪੁਰਸ਼ ਅਤੇ ਲੜਕੇ। ਲਿੰਗ ਬਰਾਬਰਤਾ ਮੰਨਦੀ ਹੈ ਕਿ ਪਿਛਲੇ ਸਾਲਾਂ ਦੌਰਾਨ, ਕੁੱਝ ਮਰਦਾਂ ਨੂੰ ਹਰ ਕਿਸੇ ਨਾਲੋਂ ਵੱਧ ਮੌਕੇ ਮਿਲੇ ਹਨ। ਲਿੰਗ ਬਰਾਬਰਤਾ ਉਦੋਂ ਹੁੰਦੀ ਹੈ ਜਦੋਂ ਅਸੀਂ ਉਹਨਾਂ ਲੋਕਾਂ ਨੂੰ ਵਧੇਰੇ ਮੱਦਦ ਦਿੰਦੇ ਹਾਂ ਜਿਨ੍ਹਾਂ ਕੋਲ ਘੱਟ ਹੈ, ਤਾਂ ਜੋ ਚੀਜ਼ਾਂ ਨਿਰਪੱਖ ਹੋ ਜਾਣ।

ਪਰਿਵਾਰਕ ਹਿੰਸਾ ਕੀ ਹੈ?

ਪਰਿਵਾਰਕ ਹਿੰਸਾ ਉਦੋਂ ਹੁੰਦੀ ਹੈ ਜਦੋਂ ਤੁਹਾਡਾ ਜੀਵਨਸਾਥੀ ਜਾਂ ਕੋਈ ਪਰਿਵਾਰਕ ਮੈਂਬਰ ਤੁਹਾਨੂੰ ਨੁਕਸਾਨ ਪਹੁੰਚਾਉਂਦਾ ਹੈ ਜਾਂ ਤੁਹਾਡੇ ਕੰਮਾਂ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦਾ ਹੈ।

ਪਰਿਵਾਰਕ ਹਿੰਸਾ ਵਿੱਚ ਸਰੀਰਕ ਚੀਜ਼ਾਂ ਸ਼ਾਮਲ ਹਨ ਜਿਵੇਂ ਕਿ ਮਾਰਨਾ, ਧੱਕਾ ਦੇਣਾ, ਚੀਜ਼ਾਂ ਨੂੰ ਤੋੜਨਾ ਜਾਂ ਤੁਹਾਨੂੰ ਅੰਦਰ ਬੰਦ ਕਰਨਾ। ਪਰਿਵਾਰਕ ਹਿੰਸਾ ਸਿਰਫ਼ ਸਰੀਰਕ ਹਮਲਾ ਨਹੀਂ ਹੈ। ਇਹ ਹੇਠਾਂ ਦਿੱਤੀਆਂ ਚੀਜ਼ਾਂ ਵੀ ਹੋ ਸਕਦੀਆਂ ਹਨ:

- ਤੁਹਾਨੂੰ ਪਰਿਵਾਰ ਜਾਂ ਦੋਸਤਾਂ ਨੂੰ ਮਿਲਣਾ ਬੰਦ ਕਰਨਾ
- ਤੁਹਾਨੂੰ ਜਿਨਸੀ ਸੰਬੰਧ ਬਣਾਉਣ ਲਈ ਦਬਾਅ ਪਾਉਣਾ, ਧੋਖਾ ਦੇਣਾ ਜਾਂ ਮਜ਼ਬੂਰ ਕਰਨਾ
- ਤੁਹਾਨੂੰ, ਤੁਹਾਡੇ ਬੱਚਿਆਂ, ਪਰਿਵਾਰਕ ਮੈਂਬਰਾਂ ਜਾਂ ਕਿਸੇ ਪਾਲਤੂ ਜਾਨਵਰ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦੇਣਾ
- ਤੁਹਾਨੂੰ ਗਲਤ ਨਾਮ ਲੈ ਕੇ ਬੁਲਾਉਣਾ ਜਾਂ ਜਾਣਬੁੱਝ ਕੇ ਤੁਹਾਨੂੰ ਬੁਰਾ ਮਹਿਸੂਸ ਕਰਵਾਉਣਾ
- ਤੁਹਾਡੇ ਕੋਲ ਕੋਈ ਪੈਸਾ ਹੋਣ ਤੋਂ ਰੋਕਣਾ
- ਲਗਾਤਾਰ ਜਾਂਚ ਕਰਦੇ ਹੋਏ ਕਿ ਤੁਸੀਂ ਕਿੱਥੇ ਹੋ, ਤੁਸੀਂ ਕੀ ਕਰ ਰਹੇ ਹੋ ਅਤੇ ਤੁਸੀਂ ਕਿਸ ਨਾਲ ਗੱਲ ਕਰ ਰਹੇ ਹੋ

ਇਹ ਚੀਜ਼ਾਂ ਤੁਹਾਨੂੰ ਸਰੀਰਕ ਹਿੰਸਾ ਜਿੰਨ੍ਹਾਂ ਹੀ ਨੁਕਸਾਨ ਪਹੁੰਚਾ ਸਕਦੀਆਂ ਹਨ।

ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਹਿੰਸਾ ਅਤੇ ਡਰ ਤੋਂ ਮੁਕਤ ਹੋ ਕੇ ਜਿਊਣ ਦਾ ਅਧਿਕਾਰ ਹੈ।

ਪਰਿਵਾਰਕ ਹਿੰਸਾ ਕਿਹੋ ਜਿਹੀ ਲੱਗ ਸਕਦੀ ਹੈ

ਧਮਕਾਉਣਾ - ਤੁਹਾਡਾ ਸਾਥੀ ਕਹਿ ਰਿਹਾ ਹੈ ਕਿ ਉਹ ਤੁਹਾਨੂੰ ਜਾਂ ਬੱਚਿਆਂ ਨੂੰ ਨੁਕਸਾਨ ਪਹੁੰਚਾਏਗਾ ਜੇਕਰ ਤੁਸੀਂ ਉਹ ਨਹੀਂ ਕਰਦੇ ਹੋ ਜੋ ਉਹ ਚਾਹੁੰਦੇ ਹਨ।

ਡਰਾਉਣਾ - ਦਿੱਖ, ਕਾਰਵਾਈਆਂ ਅਤੇ ਇਸ਼ਾਰਿਆਂ ਨਾਲ ਤੁਹਾਨੂੰ ਡਰਾਉਣਾ।

ਬੱਚਿਆਂ ਦੀ ਵਰਤੋਂ ਕਰਨਾ - ਸੰਪਰਕ ਮੁਲਾਕਾਤਾਂ ਦੀ ਵਰਤੋਂ ਤੁਹਾਨੂੰ ਪਰੇਸ਼ਾਨ ਕਰਨ ਲਈ ਜਾਂ ਬੱਚਿਆਂ ਨੂੰ ਧਮਕੀ ਭਰੇ ਸੁਨੇਹੇ ਭੇਜਣ ਲਈ ਮਜ਼ਬੂਰ ਕਰਨ ਲਈ ਕਰਨਾ।

ਇਕੱਲਤਾ - ਤੁਸੀਂ ਕੀ ਕਰਦੇ ਹੋ, ਤੁਸੀਂ ਕਿਸ ਨੂੰ ਮਿਲਦੇ ਹੋ ਜਾਂ ਕਿਸ ਨਾਲ ਗੱਲ ਕਰਦੇ ਹੋ ਉਸ ਸਭ ਨੂੰ ਕੰਟਰੋਲ ਕਰਨਾ। ਤੁਹਾਡੇ ਵੱਲ ਲੋੜੋਂ ਵੱਧ ਧਿਆਨ ਕਰ ਕੇ ਪਰੇਸ਼ਾਨ ਕਰਨਾ ਤਾਂ ਜੋ ਤੁਸੀਂ ਦੂਜਿਆਂ ਨਾਲ ਸੰਪਰਕ ਨਾ ਕਰ ਸਕੋ।

ਆਰਥਿਕ/ਵਿੱਤੀ ਸ਼ੋਸ਼ਣ - ਪੈਸੇ ਅਤੇ ਜਾਇਦਾਦ ਤੱਕ ਤੁਹਾਡੀ ਪਹੁੰਚ ਨੂੰ ਕੰਟਰੋਲ ਕਰਨਾ ਜਾਂ ਤੁਹਾਨੂੰ ਕੋਈ ਪੈਸਾ ਦੇਣ ਤੋਂ ਇਨਕਾਰ ਕਰਨਾ।

ਸਰੀਰਕ ਸ਼ੋਸ਼ਣ - ਬਲਾਤਕਾਰ, ਅਸ਼ਲੀਲ ਹਮਲਾ ਅਤੇ ਤੁਹਾਨੂੰ ਪੋਰਨੋਗ੍ਰਾਫੀ ਦੇਖਣ ਲਈ ਮਜਬੂਰ ਕਰਨ ਸਮੇਤ, ਕੋਈ ਵੀ ਜਿਨਸੀ ਕੰਮ ਜਿਸ ਨਾਲ ਤੁਸੀਂ ਪੂਰੀ ਤਰ੍ਹਾਂ ਸਹਿਮਤ ਨਹੀਂ ਹੋ।

ਅਧਿਆਤਮਿਕ ਸ਼ੋਸ਼ਣ – ਧਾਰਮਿਕ ਜਾਂ ਅਧਿਆਤਮਿਕ ਵਿਸ਼ਵਾਸਾਂ ਦੀ ਵਰਤੋਂ ਕਰਕੇ ਗ਼ਲਤ ਬਿਆਨੀ ਕਰਨਾ, ਤੁਹਾਨੂੰ ਤੁਹਾਡੇ ਧਰਮ ਨੂੰ ਮੰਨਣ ਤੋਂ ਰੋਕਣਾ, ਬੱਚਿਆਂ ਨੂੰ ਕਿਸੇ ਵਿਸ਼ੇਸ਼ ਧਰਮ ਵਿੱਚ ਪਾਲਣ ਲਈ ਮਜ਼ਬੂਰ ਕਰਨਾ।

ਟੈਕਨੋਲੋਜੀ-ਸਹੂਲਤ ਸ਼ੋਸ਼ਣ – ਤੁਹਾਨੂੰ ਧਮਕੀ ਦੇਣ, ਕੰਟਰੋਲ ਕਰਨ, ਪਿੱਛਾ ਕਰਨ ਜਾਂ ਪਰੇਸ਼ਾਨ ਕਰਨ ਲਈ ਤਕਨਾਲੋਜੀ ਦੀ ਵਰਤੋਂ ਕਰਨਾ।

ਵੀਜ਼ਾ ਸ਼ੋਸ਼ਣ – ਇਸ ਤੱਥ ਦੀ ਵਰਤੋਂ ਤੁਹਾਨੂੰ ਕੰਟਰੋਲ ਕਰਨ ਦੇ ਤਰੀਕੇ ਵਜੋਂ ਕਰਨਾ ਕਿ ਤੁਹਾਡੇ ਕੋਲ ਸਥਾਈ ਨਿਵਾਸ ਦਾ ਦਰਜਾ ਜਾਂ ਨਾਗਰਿਕਤਾ ਨਹੀਂ ਹੈ ।

ਜ਼ੁਬਾਨੀ/ਭਾਵਨਾਤਮਕ ਸ਼ੋਸ਼ਣ – ਤੁਹਾਨੂੰ ਹੇਰਾਫੇਰੀ, ਡਰਾਉਣ ਅਤੇ ਕੰਟਰੋਲ ਕਰਨ ਲਈ ਸ਼ਬਦਾਂ ਜਾਂ ਵਿਵਹਾਰਾਂ ਦੀ ਵਰਤੋਂ ਕਰਨਾ। ਇਸ ਵਿੱਚ ਤੁਹਾਡਾ ਅਪਮਾਨ ਕਰਨਾ, ਤੁਹਾਡੇ 'ਤੇ ਚੀਕਣਾ, ਅਤੇ ਤੁਹਾਨੂੰ ਡਰਾਉਣ ਦੀ ਕੋਸ਼ਿਸ਼ ਕਰਨਾ ਸ਼ਾਮਲ ਹੋ ਸਕਦਾ ਹੈ।

ਮਨੋਵਿਗਿਆਨਕ ਸ਼ੋਸ਼ਣ - ਤੁਹਾਨੂੰ ਡਰਾਉਣ ਅਤੇ ਤੁਹਾਡੇ ਨਾਲ ਹੇਰਾਫੇਰੀ ਕਰਨ ਲਈ ਸ਼ਬਦਾਂ ਅਤੇ ਵਿਵਹਾਰਾਂ ਦੀ ਵਰਤੋਂ ਕਰਨਾ, ਜਿਸ ਨਾਲ ਤੁਸੀਂ ਉਲਝਣ ਵਿੱਚ ਪਏ ਹੋਏ ਮਹਿਸੂਸ ਕਰ ਸਕਦੇ ਹੋ ਅਤੇ ਆਪਣੇ-ਆਪ 'ਤੇ ਸ਼ੱਕ ਕਰ ਸਕਦੇ ਹੋ।

ਇਸ ਹਿੰਸਾ ਦਾ ਮੇਰੇ 'ਤੇ ਕੀ ਅਸਰ ਪਵੇਗਾ?

ਤੁਸੀਂ ਮਹਿਸੂਸ ਕਰ ਸਕਦੇ ਹੋ:

- ਸ਼ਕਤੀਹੀਣ, ਡਰਿਆ ਹੋਇਆ, ਉਦਾਸ, ਅਪਮਾਨਿਤ, ਜਾਂ ਜਿਵੇਂ ਤੁਸੀਂ ਕਿਸੇ ਹੋਰ ਨੂੰ ਮਿਲਣਾ ਜਾਂ ਗੱਲ ਨਹੀਂ ਕਰਨਾ ਚਾਹੁੰਦੇ ਹੋ
- ਗੁੱਸੇ, ਨਿਰਾਸ਼, ਚਿੰਤਤ, ਉਦਾਸ
- ਜਿਵੇਂ ਤੁਸੀਂ ਸਭ ਕੁੱਝ ਅਜ਼ਮਾ ਲਿਆ ਹੈ, ਅਤੇ ਕੁੱਝ ਵੀ ਕਾਰਗਰ ਨਹੀਂ ਹੁੰਦਾ ਹੈ
- ਸ਼ਰਮਿੰਦਾ ਜਾਂ ਬੇਇੱਜ਼ਤ
- ਪੈਸੇ ਦੀ ਚਿੰਤਾ
- ਉਲਝਣ ਵਿੱਚ ਕਿਉਂਕਿ ਕਈ ਵਾਰ ਤੁਹਾਡਾ ਸਾਥੀ ਪਿਆਰ ਕਰਨ ਵਾਲਾ ਅਤੇ ਦਿਆਲੂ ਹੁੰਦਾ ਹੈ
- ਤੁਹਾਡੇ ਰਿਸ਼ਤੇ ਬਾਰੇ ਅਸਫ਼ਲਤਾ ਦੀ ਭਾਵਨਾ
- ਜੇਕਰ ਤੁਸੀਂ ਛੱਡ ਕੇ ਚਲੇ ਜਾਂਦੇ ਹੋ ਤਾਂ ਹੋਰ ਹਿੰਸਾ ਅਤੇ ਪਰੇਸ਼ਾਨੀ ਹੋਣ ਤੋਂ ਡਰਦੇ ਹੋ
- ਛੱਡਣ ਬਾਰੇ ਦੋਸ਼ੀਪਨ ਦੀ ਭਾਵਨਾ ਜਾਂ ਇਕੱਲੇ ਹੋਣ ਦਾ ਸਾਹਮਣਾ ਕਰਨ ਤੋਂ ਡਰਨਾ

ਖ਼ਾਸ ਤੌਰ 'ਤੇ ਤਣਾਅਪੂਰਨ ਜਾਂ ਸਦਮੇ ਵਾਲੇ ਅਨੁਭਵ ਤੋਂ ਬਾਅਦ ਇਹ ਸਾਰੀਆਂ ਮਹਿਸੂਸ ਹੋਣ ਵਾਲੀਆਂ ਆਮ ਚੀਜ਼ਾਂ ਹਨ। ਉਹ ਵੀ ਅਸਥਾਈ ਹਨ। ਮੱਦਦ ਉਪਲਬਧ ਹੈ, ਅਤੇ ਤੁਹਾਡੇ ਤਜ਼ਰਬਿਆਂ ਤੋਂ ਠੀਕ ਹੋਣਾ ਅਤੇ ਠੀਕ ਹੋਣਾ ਸੰਭਵ ਹੈ।

ਮੱਦਦ ਕਿਵੇਂ ਪ੍ਰਾਪਤ ਕਰਨੀ ਹੈ

ਜੇਕਰ ਤੁਸੀਂ ਫੌਰੀ ਖ਼ਤਰੇ ਵਿੱਚ ਹੋ, ਤਾਂ ਪੁਲਿਸ ਅਤੇ ਐਂਬੂਲੈਂਸ ਮੱਦਦ ਲਈ 000 'ਤੇ ਫ਼ੋਨ ਕਰੋ।

ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, Telephone Interpreter Service (ਟੈਲੀਫ਼ੋਨ ਦੁਭਾਸ਼ੀਏ ਸੇਵਾ) ਨੂੰ 131 450 'ਤੇ ਫ਼ੋਨ ਕਰੋ।

ਕਾਰੋਬਾਰੀ ਸਮੇਂ ਤੋਂ ਬਾਹਰ ਕਿਸੇ ਨਾਲ ਗੱਲ ਕਰਨ ਲਈ, 1800 015 188 'ਤੇ Safe Steps Family Violence Response Service ਨਾਲ ਸੰਪਰਕ ਕਰੋ।

ਅਸੀਂ Orange Door ਨੈੱਟਵਰਕ ਦਾ ਹਿੱਸਾ ਹਾਂ ਜਿਸਦਾ ਮਤਲਬ ਹੈ ਕਿ ਸਾਡੀਆਂ ਪਰਿਵਾਰਕ ਹਿੰਸਾ ਪ੍ਰਤੀ ਦਾਖਲੇ ਲਈ ਸਹਾਇਤਾ ਸੇਵਾਵਾਂ Orange Door ਵਿਖੇ ਸਥਿਤ ਹਨ।

ਜੇਕਰ ਤੁਸੀਂ ਆਪਣੇ-ਆਪ ਨੂੰ ਜਾਂ ਕਿਸੇ ਹੋਰ ਨੂੰ ਸਾਡੀਆਂ ਪਰਿਵਾਰਕ ਹਿੰਸਾ ਸਹਾਇਤਾ ਸੇਵਾਵਾਂ ਵਿੱਚ ਭੇਜਣਾ ਚਾਹੁੰਦੇ ਹੋ ਤਾਂ:

1. Orange Door ਦੀ ਵੈੱਬਸਾਈਟ 'ਤੇ ਜਾਓ: orangedoor.vic.gov.au
2. ਆਪਣੇ ਨੇੜੇ ਦੀ ਸੇਵਾ ਲੱਭਣ ਲਈ ਆਪਣਾ ਪੋਸਟਕੋਡ ਭਰੋ।

3. ਆਪਣੇ ਨਜ਼ਦੀਕੀ ਸੇਵਾ ਨੂੰ ਫ਼ੋਨ ਜਾਂ ਈਮੇਲ ਕਰੋ, ਅਤੇ ਉਹ ਤੁਹਾਨੂੰ GenWest ਦੇ ਪਰਿਵਾਰਕ ਹਿੰਸਾ ਪ੍ਰੈਕਟੀਸ਼ਨਰਾਂ ਦੇ ਨਾਲ-ਨਾਲ ਕਿਸੇ ਵੀ ਹੋਰ ਸੇਵਾਵਾਂ ਅਤੇ ਸਹਾਇਤਾ ਨਾਲ ਜੋੜ ਸਕਦੇ ਹਨ ਜਿਸਦੀ ਤੁਹਾਨੂੰ ਲੋੜ ਹੋ ਸਕਦੀ ਹੈ।
4. ਤੁਸੀਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ Orange Door ਦੇ ਕਿਸੇ ਵੀ ਟਿਕਾਣੇ 'ਤੇ ਵੀ ਵਾਕ-ਇਨ ਕਰ ਸਕਦੇ ਹੋ। ਹੇਠਾਂ ਸੂਚੀਬੱਧ ਮੈਲਬੌਰਨ ਦੇ ਪੱਛਮੀ ਇਲਾਕੇ ਵਿੱਚ ਸਾਰੇ ਸਥਾਨ ਅਤੇ ਪਹੁੰਚ ਬਿੰਦੂ ਵੇਖੋ।

Orange Door ਇੱਕ ਮੁਫ਼ਤ ਸੇਵਾ ਹੈ। ਜੇਕਰ ਤੁਹਾਨੂੰ ਲੋੜ ਹੋਵੇ ਤਾਂ ਕਿਸੇ ਕਰਮਚਾਰੀ ਨੂੰ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਨ।

ਪ੍ਰਵਾਸ ਦਰਜੇ ਦੀ ਪਰਵਾਹ ਕੀਤੇ ਬਗ਼ੈਰ Orange Door ਹਰ ਕਿਸੇ ਦਾ ਸੁਆਗਤ ਕਰਦਾ ਹੈ। ਜੇਕਰ ਤੁਸੀਂ ਪ੍ਰਵਾਸੀ ਜਾਂ ਸ਼ਰਨਾਰਥੀ ਹੋ ਜਾਂ ਤੁਹਾਡੇ ਕੋਲ ਸਥਾਈ ਨਿਵਾਸੀ ਦਰਜਾ ਨਹੀਂ ਹੈ ਤਾਂ ਤੁਸੀਂ ਮੱਦਦ ਜਾਂ ਸਹਾਇਤਾ ਲੈ ਸਕਦੇ ਹੋ।

Orange Door ਸੋਮਵਾਰ ਤੋਂ ਸ਼ੁੱਕਰਵਾਰ (ਜਨਤਕ ਛੁੱਟੀਆਂ 'ਤੇ ਬੰਦ) ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ।

ਮੈਲਬੌਰਨ ਦੇ ਪੱਛਮੀ ਇਲਾਕੇ ਵਿੱਚ Orange Door ਦੀਆਂ ਸੇਵਾਵਾਂ:

Brimbank Melton

ਫ਼ੋਨ: 1800 271 046

ਈ-ਮੇਲ: bma@orangedoor.vic.gov.au

ਵਾਕ-ਇਨ: 222 Ferris Road, Cobblebank VIC 3338

ਵਾਕ-ਇਨ: 15-19 Service Street, Sunshine VIC 3020

Western Melbourne

ਫ਼ੋਨ: 1800 271 045

ਈ-ਮੇਲ: wma@orangedoor.vic.gov.au

ਵਾਕ-ਇਨ: 15-17 Watton Street, Werribee VIC 3030

ਵਾਕ-ਇਨ: 265 Barkly Street, Footscray VIC 3011

ਹੋਰ ਜਾਣਕਾਰੀ ਦੀ ਭਾਲ ਕਰ ਰਹੇ ਹੋ?

ਪਰਿਵਾਰਕ ਹਿੰਸਾ ਸਬੰਧੀ ਹੋਰ ਸਹਾਇਤਾ ਬਾਰੇ ਜਾਣਕਾਰੀ ਲਈ, ਜਿਵੇਂ ਕਿ Children's and Youth Counselling (ਬੱਚਿਆਂ ਅਤੇ ਯੁਵਾਵਾਂ ਦੀ ਸਲਾਹਕਾਰੀ), ਕਿਰਪਾ ਕਰਕੇ ਸਾਡੇ ਫੁਟਸਕ੍ਰੇਅ ਦਫਤਰ ਨੂੰ 1800 436 937 'ਤੇ ਫ਼ੋਨ ਕਰੋ ਜਾਂ ਸਾਨੂੰ info@genwest.org.au 'ਤੇ ਈਮੇਲ ਕਰੋ।

ਸਾਡੇ ਨਾਲ ਸੰਪਰਕ ਕਰੋ

GenWest

ਫ਼ੋਨ: 1800 436 937

ਵੈੱਬਸਾਈਟ: www.genwest.org.au

ਈਮੇਲ: info@genwest.org.au

ਸਾਨੂੰ ਮਿਲੋ: 317-319 Barkly Street, Footscray, Naarm/Melbourne VIC 3011

ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ Telephone Interpreter Service (ਟੈਲੀਫ਼ੋਨ ਦੁਭਾਸ਼ੀਏ ਸੇਵਾ) ਨੂੰ 131 450 'ਤੇ ਫ਼ੋਨ ਕਰੋ।